**CLASS-XII**

# COMMERCIAL ART
# ਕਮਰਸ਼ੀਅਲ ਆਰਟ

ਸਮਾਂ:8 ਘੰਟੇ

ਪ੍ਰਯੋਗੀ: 90 ਅੰਕ

INA: 10 ਅੰਕ

ਕੁੱਲ: 100 ਅੰਕ

**ਨੋਟ:** ਇਹ ਪੇਪਰ ਪੂਰਨ ਪ੍ਰਯੋਗੀ ਹੈ ਅਤੇ ਪ੍ਰਯੋਗੀ ਪ੍ਰੀਖਿਅਕ ਰਾਹੀਂ ਬੋਰਡ ਵੱਲੋਂ ਨਿਯਤ ਡੇਟਸ਼ੀਟ ਅਨੁਸਾਰ ਲਿਆ ਜਾਵੇਗਾ।

| | ਸਮਾਂ | ਸ਼ੈਸ਼ਨ |
|---|---|---|
| ਪਹਿਲਾ ਪੇਪਰ | 4 ਘੰਟੇ | ਸਵੇਰ |
| ਦੂਜਾ ਪੇਪਰ | 4 ਘੰਟੇ | ਸ਼ਾਮ |

1. ਇਹ ਪੇਪਰ ਪ੍ਰਯੋਗੀ ਡੇਟ ਸ਼ੀਟ ਅਨੁਸਾਰ ਪ੍ਰਯੋਗੀ ਪ੍ਰੀਖਿਅਕ ਵੱਲੋਂ ਲਿਆ ਜਾਵੇਗਾ। ਪਹਿਲੇ ਸਵੇਰ ਦੇ ਸੈਸ਼ਨ ਵਿੱਚ ਲੇ-ਆਊਟ ਡਿਜ਼ਾਇਨਿੰਗ ਸਬੰਧੀ ਪ੍ਰਸ਼ਨ ਹੋਣਗੇ। ਇਹ ਪੇਪਰ ਚਾਰ ਘੰਟੇ ਦਾ ਹੋਵੇਗਾ। ਇਸਦੇ ਕੁੱਲ 38 ਅੰਕ ਹੋਣਗੇ। ਇਸ ਵਿੱਚ ਤਿੰਨ ਪ੍ਰਸ਼ਨ ਸੈੱਟ ਕਰਨੇ ਹੋਣਗੇ। ਵਿਦਿਆਰਥੀ ਵੱਲੋਂ ਕੋਈ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।
2. ਦੂਜੇ ਸ਼ਾਮ ਦੇ ਸੈਸ਼ਨ ਵਿੱਚ ਪੋਸਟਰ ਡਿਜਾਇਨਿੰਗ ਦਾ ਪੇਪਰ ਹੋਵੇਗਾ। ਇਹ ਪੇਪਰ ਵੀ ਉਪਰੋਕਤ ਅਨੁਸਾਰ 38 ਅੰਕਾਂ ਦਾ ਹੋਵੇਗਾ। ਇਸ ਦਾ ਸਮਾਂ ਚਾਰ ਘੰਟੇ ਹੋਵੇਗਾ। ਇਸ ਵਿੱਚ ਕੋਈ ਦੋ ਪ੍ਰਸ਼ਨ ਸੈੱਟ ਕੀਤੇ ਜਾਣਗੇ। ਪ੍ਰੀਖਿਆਰਥੀ ਵੱਲੋਂ ਕੋਈ ਇੱਕ ਪ੍ਰਸ਼ਨ ਹੱਲ ਕਰਨਾ ਹੋਵੇਗਾ।
3. ਵਿਚਕਾਰ ਇੱਕ ਘੰਟੇ ਦੇ ਸਮੇਂ ਵਿੱਚ ਪ੍ਰਯੋਗੀ ਪ੍ਰੀਖਿਅਕ, ਪ੍ਰੀਖਿਆਰਥੀਆਂ ਦੇ ਸੈਸ਼ਨਲ ਕੰਮ ਦਾ ਮੁਲਾਂਕਣ ਕਰੇਗਾ। ਇਸਦੇ 14 ਅੰਕ ਹੋਣਗੇ।
4. ਪ੍ਰਯੋਗੀ ਪ੍ਰੀਖਿਅਕ ਸਾਰੇ ਪੇਪਰਾਂ ਦਾ ਮੁਲਾਂਕਣ ਕਰਕੇ ਨੰਬਰ ਸੂਚੀਆਂ ਸਬੰਧਤ ਅਧਿਕਾਰੀ ਨੂੰ ਮੋਹਰ ਬੰਦ ਲਿਫਾਫੇ ਵਿੱਚ ਭੇਜੇਗਾ।
5. **ਡਰਾਇੰਗ ਸ਼ੀਟਾਂ ਅਤੇ ਪੇਟਿੰਗ ਦਾ ਹੋਰ ਸਾਰਾ ਸਮਾਨ ਪ੍ਰੀਖਿਆਰਥੀ ਖੁਦ ਨਾਲ ਲੈ ਕੇ ਆਵੇਗਾ।**